# ਵੀਵਕੋ

## ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ:

### ਉਦੇਸ਼

ਪ੍ਰਾਈਮਰੀ ਸਹਿਕਾਰੀ ਸਭਾਵਾਂ ਨੂੰ ਸਮਾਜਿਕ ਰੂਪ ਵਿਚ ਉੱਚਾ ਚੁਕਣ ਅਤੇ ਸਹਿਕਾਰਤਾ ਦੀ ਮੁਹਿਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਹੱਥਖਡੀ ਦੇ ਕੰਮ ਵਿਚ ਸੱਚੀ ਧਾਰਨਾ ਪੈਦਾ ਕਰਨਾ ਹੈ।

### ਇਤਹਾਸ

ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ: (ਵੀਵਕੋ) ਇਕ ਪ੍ਰਾਈਮਰੀ ਵੀਵਰਜ਼/ ਉਪਯੋਗਿਕ ਸਹਿਕਾਰੀ ਸਭਾਵਾਂ ਦੀ ਅਪੈਕਸ ਬਾਡੀ ਹੈ ਜ਼ੋ ਹੈਂਡਲੂਮ ਐਕਸਪਰਟ ਰਾਹੀਂ ਮਾਰਕੀਟਿੰਗ ਸਹੂਲਤਾਂ ਅਤੇ ਤਕਨੀਕੀ ਸਿਖਿਆ ਦਿੰਦੀ ਹੈ।

ਪੰਜਾਬ ਸਟੇਟ ਕੋਆਪ੍ਰੇਟਿਵ ਹੈਡਲੂਮ ਫੈਡਰੇਸਨ ਲਿਮ:, ਐਸ.ਸੀ.ਓ ਨੰ: 2945-46, ਸੈਕਟਰ 22 ਸੀ, ਚੰਡੀਗੜ੍ਹ ਜਿਹੜੀ ਕਿ ਆਮ ਤੋਰ ਤੇ ਵੀਵਕੋ ਦੇ ਨਾਂ ਨਾਲ ਜਾਣੀ ਜਾਂਦੀ ਹੈ, ਇਹ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਅਲੱਗ ਹੋਣ ਸਮੇਂ 1969 ਵਿਚ ਨਾਮਜਦ ਹੋਈ ਸੀ। ਉਸ ਸਮੇਂ ਇਸ ਸੰਸਥਾ ਨਾਲ ਕੇਵਲ 38 ਪ੍ਰਾਇਮਰੀ ਹੱਥਖਡੀ ਬੁਣਕਰ ਸਹਿਕਾਰੀ ਸਭਾਵਾਂ ਰਜਿਸਟਰਡ ਸਨ ਪਰੰਤੂ ਸਮੇਂ ਦੇ ਨਾਲ ਨਾਲ ਇਸ ਵਿੱਚ ਬਹੁੱਤ ਵਾਧਾ ਹੋਇਆ ਹੈ, ਜਿਸਦੇ ਸਿੱਟੇ ਵਜੋਂ ਇਸ ਸਮੇਂ ਉਦਯੋਗਿਕ ਸਹਿਕਾਰੀ ਸਭਾਵਾਂ ਸਮੇਤ 1285 ਪ੍ਰਾਇਮਰੀ ਸਹਿਕਾਰੀ ਸਭਾਵਾਂ ਵੀਵਕੋ ਦੀਆਂ ਮੈਂਬਰ ਹਨ। ਵੀਵਕੋ ਹੱਥਖਡੀ ਬੁਣਕਰ ਸਹਿਕਾਰੀ ਸਭਾਵਾਂ ਨੂੰ ਸਹਿਕਾਰੀ ਲਹਿਰ ਵਿਚ ਸਾਮਲ ਹੋਣ ਲਈ ਉਤਸ਼ਾਹਤ ਕਰਦੀ ਹੈ।

ਵੀਵਕੋ ਮੈਂਬਰ ਸਭਾਵਾਂ ਨੂੰ ਹੇਠ ਲਿਖੇ ਅਨੁਸਾਰ ਸਹੂਲਤਾ ਪ੍ਰਦਾਨ ਕਰਦੀ ਹੈ।

- ਮੈਬਰ ਸਭਾਵਾਂ ਵਲੋ ਬਣਾਏ ਜਾਣ ਵਾਲੇ ਕਪੜੇ ਦੀ ਵਿਕਰੀ ਆਪਣੇ 12 ਸ਼ੋਰੂਮਾਂ ਰਾਹੀਂ ਕਰਨਾ।
- ਮੈਂਬਰ ਸਭਾਵਾਂ ਨੂੰ ਹੱਥਖਡੀ ਦੇ ਮਾਹਿਰਾਂ ਰਾਹੀਂ ਤਕਨੀਕੀ ਸਹਾਇਤਾ ਅਤੇ ਜਾਣਕਾਰੀ ਦੇਣਾ।
- ਮੈਂਬਰ ਸਭਾਵਾਂ ਨੂੰ ਨਵੇਂ ਅਤੇ ਵਧੀਆ ਡਿਜਾਇਨ ਮੁਹਈਆ ਕਰਵਾਉਣਾ।

### ਸੰਪਰਕ ਸੂਚਨਾ

**ਟੈਲੀਫੋਨ:** 91-172-5041887, 5041897

**ਪਤਾ** ਐਸ.ਸੀ.ਓ ਨੰ: 2945-46, ਸੈਕਟਰ 22 ਸੀ, ਚੰਡੀਗੜ੍ਹ

**ਵੀਵਕੋ-ਸੰਸਥਾ**

**ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ:**

ਚੇਅਰਮੈਨ

ਬੋਰਡ ਆਫ ਡਾਇਰੈਕਟਰਜ਼

ਸ੍ਰੀਮਤੀ ਸੁਮਨ ਬਾਂਸਲ, ਪ੍ਰਬੰਧ ਨਿਰਦੇਸ਼ਕ

ਸ੍ਰੀ ਸ਼ਿਆਮ ਸ਼ਰਮਾਂ, ਜਨਰਲ ਮੈਨੇਜਰ

| | | |
|---|---|---|
| ਸ੍ਰੀ ਐਚ.ਐਸ.ਵਾਲੀਆ<br>ਅਮਲਾ ਅਫਸਰ | ਸ੍ਰੀ ਲਲਿਤ ਕੁਮਾਰ<br>ਮੈਨੇਜਰ(ਵਿਤ ਤੇ ਲੇਖਾ) | ਸ੍ਰੀ ਐਚ.ਐਸ.ਮੱਲੀ<br>ਮੈਨੇਜਰ(ਪੀ ਅਤੇ ਆਈ) |

ਸਹਾਇਕ ਸਟਾਫ

# ਵੀਵਕੋ-ਉਤਪਾਦ

## ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ:

**ਉਤਪਾਦ**

: ਬੈਡ ਸ਼ੀਟ- ਬੈਡ ਕਵਰ

: ਕਰਟਨ ਕਲਾਥ, ਟਾਵਲ

: ਸ਼ਰਟਿੰਗ- ਸੂਟਿੰਗ

: ਕੰਬਲ- ਸੁਪਰ ਕੁਆਲਿਟੀ ਕੰਬਲ

: ਬੈਰਕ ਕੰਬਲ

ਵੀਵਕੋ ਉਤਪਾਦਾਂ ਦੀ

ਸੂਤੀ ਅਤੇ ਉੱਨੀ ਵਰਾਇਟੀ

- ਸ਼ਾਲ
- ਖੇਸ
- ਦਰੀਆਂ ਅਤੇ ਹੋਰ ਵਧੇਰੇ

ਹੈਂਡਲੂਮ ਦੇ ਵੱਡੇ ਆਡਰਾਂ ਦੀ ਜ਼ਰੂਰਤ ਅਤੇ ਸਪੈਸੀਫਿਕੇਸ਼ਨ
ਅਨੁਸਾਰ ਖਾਸ ਵਰਤਾਂ ਦਾ ਉਤਪਾਦ ਕੀਤਾ ਜਾਂਦਾ ਹੈ।

# ਵੀਵਕੋ-ਵਪਾਰਕ ਸੂਚਨਾ

## ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ:

### ਵਪਾਰਕ ਸੂਚਨਾ

ਵੀਵਕੋ ਦੇ ਵਪਾਰਕ ਅਦਾਰੇ ਵਿਚ ਉਦਯੋਗਿਕ ਸਭਾਵਾਂ ਸਮੇਤ 1285 ਮੈਂਬਰ ਸਭਾਵਾਂ ਹਨ ਜ਼ੋ ਹੈਂਡਲੂਮ ਦੇ ਕਪੜੇ ਅਤੇ ਹੋਰ ਉਦਯੋਗਿਕ ਵਸਤਾਂ ਦੀ ਉਤਪਾਦ ਅਤੇ ਮਾਰਕੀਟਿੰਗ ਦਾ ਕੰਮ ਕਰਦੀਆਂ ਹਨ।

ਵੀਵਕੋ ਮੈਬਰ ਸਭਾਵਾਂ ਵਲੋ ਬਣਾਏ ਜਾਣ ਵਾਲੇ ਕਪੜੇ ਦੀ ਵਿਕਰੀ ਪੰਜਾਬ ਰਾਜ ਅਤੇ ਰਾਜ ਤੋ ਬਾਹਰ ਸਥਿਤ 12 ਸ਼ੋਰੂਮਾਂ ਰਾਹੀਂ ਕਰਦੀ ਹੈ।ਵੀਵਕੋ ਬਾਹਰਲੇ ਰਾਜਾਂ ਦੀ ਸਿਸਟਰ ਸਭਾਵਾਂ ਨਾਲ ਤਾਲਮੇਲ ਕਰਕੇ ਪੰਜਾਬ ਦੇ ਉਤਪਾਦਾਂ ਦੀ ਬਾਰਟਰ ਬੇਸਿਸ ਤੇ ਸੇਲ ਕਰਦੀ ਹੈ। ਵੀਵਕੋ ਆਪਣੇ ਉਤਪਾਦਾ ਦੀ ਨੈਸ਼ਨਲ ਹੈਂਡਲੂਮ ਐਕਸਪੋ ਰਾਹੀਂ ਪ੍ਰਦਰਸ਼ਨੀ ਲਗਾਉਂਦੀ ਹੈ।ਵੀਵਕੋ ਆਪਣੇ ਉਤਪਾਦਾਂ ਦੇ ਵੱਡੇ ਆਡਰ ਕਿਫਾਇਤੀ ਰੇਟਾਂ ਵਿਚ ਸਪਲਾਈ ਕਰਨ ਦੀ ਸਮਰਥਾ ਰਖਦੀ ਹੈ।ਵੀਵਕੋ ਹੈਂਡਲੂਮ ਅਤੇ ਉਦਯੋਗਿਕ ਵਸਤਾਂ ਦੇ ਡਿਜ਼ਾਇੰਨ ਅਨੁਸਾਰ ਉਤਪਾਦ ਤਿਆਰ ਕਰਨ ਦੀ ਵੀ ਸਮਰਥਾ ਰਖਦੀ ਹੈ।ਵੀਵਕੋ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮਾਰਕਿਟ ਵਿਚ ਸਥਾਪਿਤ ਖਰੀਦਦਾਰਾਂ ਦੀ ਭਾਲ ਰਖਦੀ ਹੈ। ਵੀਵਕੋ ਆਪਣੇ ਉਤਪਾਦਾ ਤੇ ਸਪੈਸ਼ਲ ਰਿਬੇਟ ਦਿੰਦੀ ਹੈ।

### ਸੰਪਰਕ ਸੂਚਨਾ


**ਟੈਲੀਫੋਨ:** 91-172-5041887, 5041897

**ਪਤਾ** ਐਸ.ਸੀ.ਓ ਨੰ: 2945-46, ਸੈਕਟਰ 22 ਸੀ, ਚੰਡੀਗੜ੍ਹ

## ਵੀਵਕੋ-ਉਪਲਬਧੀਆਂ

## ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ:

ਵੀਵਕੋ ਪੰਜਾਬ ਰਾਜ ਅਤੇ ਰਾਜ ਤੋ ਬਾਹਰ ਆਪਣੇ 12 ਸ਼ੋਰੂਮਾਂ ਰਾਹੀਂ ਆਪਣੇ ਓਤਪਾਦਾਂ ਦੀ ਸੇਲ ਕਰਦੀ ਹੈ। ਪਿਛਲੇ ਤਿੰਨ ਸਾਲਾਂ ਦੀ ਸਾਲ ਵਾਰ ਸੇਲ ਪੁਜ਼ੀਸ਼ਨ ਹੇਠ ਲਿਖੇ ਅਨੁਸਾਰ ਹੈ।

| ਸਾਲ | ਸੇਲ | ਲਾਭ |
|---|---|---|
| | (ਰਕਮ ਲੱਖਾਂ ਵਿਚ) | |
| 2007-08 | 231.47 | 10.49 |
| 2008-09 | 279.49 | 13.50 |
| 2009-10 | 285.13 | 10.48 |
| 2010-11 | 302.12 | 18.12 |

ਵੀਵਕੋ ਮੈਂਬਰ ਸਭਾਵਾਂ ਨੂੰ ਹੇਠ ਲਿਖੇ ਅਨੁਸਾਰ ਸਹੂਲਤਾ ਪ੍ਰਦਾਨ ਕਰਦੀ ਹੈ।

- ਮੈਬਰ ਸਭਾਵਾਂ ਵਲੋ ਬਣਾਏ ਜਾਣ ਵਾਲੇ ਕਪੜੇ ਦੀ ਵਿਕਰੀ ਆਪਣੇ 12 ਸ਼ੋਰੂਮਾਂ ਰਾਹੀਂ ਕਰਨਾ।
- ਮੈਂਬਰ ਸਭਾਵਾਂ ਨੂੰ ਹੱਥਖਡੀ ਦੇ ਮਾਹਿਰਾਂ ਰਾਹੀਂ ਤਕਨੀਕੀ ਸਹਾਇਤਾ ਅਤੇ ਜਾਣਕਾਰੀ ਦੇਣਾ।
- ਮੈਂਬਰ ਸਭਾਵਾਂ ਨੂੰ ਨਵੇਂ ਅਤੇ ਵਧੀਆ ਡਿਜਾਇਨ ਮੁਹਈਆ ਕਰਵਾਉਣਾ।

## ਮਾਈ ਭਾਗੋ ਇਸਤਰੀ ਸ਼ਕਤੀ ਸਕੀਮ ਦੇ ਬੈਨਰ ਹੇਠ ਸਹਿਕਾਰਤਾ ਪੰਜਾਬ ਰਾਹੀਂ

## ਔਰਤਾਂ ਦਾ ਸਸ਼ਕਤੀਕਰਣ

ਵੀਵਕੋ ਵਲੋ ਸਹਿਕਾਰਤਾਂ ਪੰਜਾਬ ਰਾਹੀਂ ਔਰਤਾਂ ਦੇ ਸਸ਼ਕਤੀਕਰਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਕੰਮ ਅਧੀਨ ਵੀਵਕੋ ਵਲੋ ਮਾਈ ਭਾਗੋ ਇਸਤਰੀ ਸ਼ਕਤੀ ਨਾਂ ਦੀ ਇਕ ਸਕੀਮ ਪ੍ਰਵਾਨ ਕਰਵਾਈ ਗਈ ਜ਼ੋ ਨਵੰਬਰ 2007 ਵਿਚ ਸ਼ੁਰੂ ਕੀਤੀ ਗਈ।

### ਸਕੀਮ ਦੇ ਮੁਖ ਭਾਗ

- ਇਸ ਸਕੀਮ ਦੇ ਦੋ ਭਾਗ ਹਨ ਜਿਵੇਂ ਸਮਾਜਿਕ ਅਤੇ ਆਰਥਿਕ। ਸਮਾਜਿਕ ਭਾਗ ਅਧੀਨ ਲੜਕੀ ਭਰੁਣ ਹਤਿਆ ਅਤੇ ਵਿਆਹਾ ਤੇ ਗੈਰ ਜਰੂਰੀ ਖਰਚਾ ਕਰਨਾ, ਲੜਕੀਆਂ ਦੀ ਉਚੀ ਤੇ ਤਕਨੀਕੀ ਸਿਖਿਆ, ਨੋਕਰੀ ਵਿਚ ਬਰਾਬਕ ਦੇ ਮੌਕੇ ਦੇਣ ਤੇ ਜ਼ੋਰ ਦੇਣਾ ਆਦਿ ਸ਼ਾਮਿਲ ਹਨ। ਇਹ ਕੰਮ ਪ੍ਰਾਈਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੈਕਸ) ਦੇ ਲੈਵਲ ਤੋ ਖੇਤਰ ਦੀਆਂ ਔਰਤਾਂ ਨੂੰ ਜਾਗਰੂਕ ਕਰਦੇ ਹੋਏ ਪੰਨਕੋਫੈਡ ਪੰਜਾਬ

ਦੇ ਕਿਤਿਆਂ ਅਤੇ ਸਬ ਡਵੀਜ਼ਨ ਲੈਵਲ ਤੇ ਗਠਿਤ ਕਮੇਟੀਆਂ ਰਾਹੀਂ ਕੀਤਾ ਗਿਆ। ਆਰਥਿਕ ਭਾਗ ਅਧੀਨ ਪੈਕਸ ਨੂੰ ਔਰਤਾਂ ਦੇ ਸਸ਼ਕਤੀਕਰਣ ਦਾ ਕੇਂਦਰ ਬਣਾਇਆ ਗਿਆ।

- ਆਮਦਨ ਜੁਟਾਉਣ ਲਈ ਪਿੰਡ ਪੱਧਰ ਤੇ ਗਤੀਵਿਧੀਆਂ ਚਲਾਈਆ ਜਾ ਰਹੀਆਂ ਹਨ ਅਤੇ ਇਲਾਕੇ ਦੇ ਲਿਹਾਜ਼ ਨਾਲ ਇਹ ਗਤੀਵਿਧੀਆਂ ਸ਼ੁਰੂ ਕੀਤੀਆ ਜਾ ਰਹੀਆਂ ਹਨ ਅਤੇ ਪਹਿਲਾ ਤੋ ਹਰ ਪਿੰਡ ਵਿਚ ਚਲ ਰਹੀਆਂ ਗਤੀਗਿਧੀਆਂ ਨੂੰ ਹੋਰ ਮਜਬੂਤ ਕੀਤਾ ਜਾ ਰਿਹਾ ਹੈ।ਸਕੀਮ ਅਨੁਸਾਰ ਹੇਠ ਦਿੱਤੀਆਂ ਗਤੀਵਿਧੀਆਂ ਚਲਾਈਆ ਜਾ ਰਹੀਆ ਹਨ:
  - ਫੁਲਕਾਰੀ ਦਾ ਕੰਮ
  - ਕਟਾਈ, ਸਿਲਾਈ ਅਤੇ ਕਢਾਈ
  - ਹੋਜ਼ਰੀ ਅਤੇ ਬੁਣਾਈ
  - ਪਾਪਤ ਵੜੀਆਂ, ਅਚਾਰ, ਮੁਰੱਬਾ ਅਤੇ ਸ਼ਰਬਤ
  - ਡੇਅਰੀ ਅਤੇ ਮੁਰਗੀ ਪਾਲਣ
  - ਕਪੜੇ ਦੇ ਖਿਡੌਣੇ ਬਨਾਉਣਾ (ਸਾਫਟ ਟੌਆਇਜ਼)
- ਔਰਤਾਂ ਨੂੰ ਪੈਕਸ ਲੈਵਲ ਤੇ ਪੀ.ਆਈ.ਸੀ.ਟੀ, ਆਰ.ਆਈ.ਸੀ.ਐਮ ਚੰਡੀਗੜ੍ਹ ਅਤੇ ਐਨ.ਆਈ.ਆਈ.ਐਫ.ਟੀ ਮੁਹਾਲੀ ਰਾਹੀਂ ਵੱਖ ਵੱਖ ਵਿਭਾਗਾਂ ਜਿਵੇਂ ਖਾਦੀ ਵਿਲੇਜ਼ ਇੰਡਸਟਰੀਜ਼ ਕਮੀਸ਼ਨ ( ਕੇ.ਵੀ.ਆਈ.ਸੀ), ਖਾਦੀ ਵਿਲੇਜ਼ ਇੰਡਸਟਰੀਜ਼ ਬੋਰਡ ਅਤੇ ਰਾਸ਼ਟਰੀ ਮਹਿਲਾ ਕੋਸ਼ ਨਾਲ ਤਾਲਮੇਲ ਕਰਕੇ ਟ੍ਰੇਨਿੰਗ ਮੁਹਈਆਂ ਕਰਵਾਈ ਜਾਂਦੀ ਹੈ।
- ਇੰਨਾ ਸਹਾਇਤਾਂ ਪ੍ਰਾਪਤ ਔਰਤਾ ਰਾਹੀ ਤਿਆਰ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਵਿਕਰੀ ਪੈਕਸ ਦੇ ਨੈਟਵਰਕ ਰਾਹੀਂ ਜਿਲਾ/ ਰਾਜ ਪੱਧਰ ਤੇ ਸੇਲ ਕੀਤੀਆਂ ਜਾਣਗੀਆਂ।ਵੀਵਕੋ ਮਿਲਕਫੈਡ ਅਤੇ ਮਾਰਕਫੈਡ ਜਿਨਾਂ ਦੇ ਸ਼ੋਰੂਮ ਪੂਰੇ ਦੇਸ਼ ਵਿਚ ਹਨ ਵੀ ਇਨਾਂ ਸਹਾਇਤਾਂ ਪ੍ਰਾਪਤ ਔਰਤਾ ਰਾਹੀ ਤਿਆਰ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਸੇਲ ਵਿਚ ਮਦਦ ਕਰਣਗੇ।

ਰਾਜ ਵਿਚ ਸਥਿਤ ਪੇਂਡੂ ਔਰਤਾਂ ਵਲੋ ਤਿਆਰ ਕੀਤੇ ਉਤਪਾਦਾਂ ਦੀ ਵਿਕਰੀ ਵੀਵਕੋ 'ਪਰਾਈਡ' ਨਾਂ ਦੀ ਵਰਾਇਟੀ ਸ਼ੁਰੂ ਕਰੇਗੀ। ਇਸ ਵਿਚ ਕਾਫੀ ਵਰਾਇਟੀ ਦੇ ਘਰੇਲੂ ਉਤਪਾਦ ਜਿਵੇਂ ਕਢਾਈ, ਟੈਕਸਟਾਈਲ, ਸਿਲਾਈ ਕਪੜੇ ਦੀ ਬੁਣਾਈ, ਸਕੂਲ ਵਰਦੀ ਅਤੇ ਬੇਕਰੀ ਆਦਿ ਦੇ ਉਤਪਾਦ ਹੋਣਗੇ। ਇਨਾਂ ਉਤਪਾਦਾਂ ਦੀ ਸੇਲ ਵੀਵਕੋ ਆਪਣੇ ਸ਼ੋਰੂਮਾਂ ਰਾਹੀਂ ਕਰੇਗੀ। ਇਸ ਤਰਾਂ ਇਨਾਂ ਔਰਤਾਂ ਵਲੋ ਤਿਆਰ ਉਤਪਾਦਾਂ ਦੀ ਵਿਕਰੀ ਲਈ ਵੀਵਕੋ ਮਾਰਕੀਟਿੰਗ ਸਹੂਲਤਾ ਪ੍ਰਦਾਨ ਕਰੇਗੀ। ਵੀਵਕੋ ਇਨਾਂ ਔਰਤਾਂ ਦੇ ਉਤਪਾਦਾਂ ਦੀ ਤਰਕੀ ਲਈ ਅਤੇ ਖਾਸ ਤੌਰ ਤੇ ਹੈਂਡਲੂਮ ਉਤਪਾਦਾਂ ਲਈ ਤਕਨੀਕੀ ਸਿਖਿਆ ਅਤੇ ਨਵੇਂ ਡਿਜਾਇਨ ਮੁਹਈਆ ਕਰਵਾਏਗੀ।

## ਵੀਵਕੋ- ਭਵਿਖੀ ਯੋਜਨਾ

## ਪੰਜਾਬ ਸਟੇਟ ਕੋਆਪ੍ਰੇਟਿਵ ਹੈਂਡਲੂਮ ਫੈਡਰੇਸ਼ਨ ਲਿਮਿ:

- ਵੀਵਕੋ ਵਲੋ ਸਹਿਕਾਰਤਾਂ ਪੰਜਾਬ ਰਾਹੀਂ ਔਰਤਾਂ ਦੇ ਸਸ਼ਕਤੀਕਰਣ ਦਾ ਕੰਮ ਸੁਰੂ ਕੀਤਾ ਗਿਆ। ਇਸ ਕੰਮ ਅਧੀਨ ਵੀਵਕੋ ਵਲੋ ਮਾਈ ਭਾਗੋ ਇਸਤਰੀ ਸ਼ਕਤੀ ਨਾਂ ਦੀ ਇਕ ਸਕੀਮ ਪ੍ਰਵਾਨ ਕਰਵਾਈ ਗਈ ਜ਼ੋ ਨਵੰਬਰ 2007 ਵਿਚ ਸੁਰੂ ਕੀਤੀ ਗਈ।
- ਆਮਦਨ ਜੁਟਾਉਣ ਲਈ ਪਿੰਡ ਪੱਧਰ ਤੇ ਗਤੀਵਿਧੀਆਂ ਚਲਾਈਆ ਜਾ ਰਹੀਆਂ ਹਨ ਅਤੇ ਇਲਾਕੇ ਦੇ ਲਿਹਾਜ਼ ਨਾਲ ਇਹ ਗਤੀਵਿਧੀਆਂ ਸੁਰੂ ਕੀਤੀਆ ਜਾ ਰਹੀਆਂ ਹਨ ਅਤੇ ਪਹਿਲਾ ਤੋ ਹਰ ਪਿੰਡ ਵਿਚ ਚਲ ਰਹੀਆਂ ਗਤੀਗਿਧੀਆਂ ਨੂੰ ਹੋਰ ਮਜਬੂਤ ਕੀਤਾ ਜਾ ਰਿਹਾ ਹੈ।ਸਹਿਕਾਰਤਾਂ ਪੰਜਾਬ ਰਾਹੀਂ ਔਰਤਾਂ ਦੇ ਸਸ਼ਕਤੀਕਰਣ ਲਈ ਕਈ ਗਤੀਵਿਧੀਆਂ ਚਲਾਹੀਆਂ ਜਾ ਰਹੀਆਂ ਹਨ।
- ਵੀਵਕੋ ਵਲੋ ਪਹਿਲਾ ਹੀ ਕਾਫੀ ਮਾਤਰਾ ਵਿਚ ਨਵੇਂ ਡਿਜ਼ਾਇੰਨ ਤਿਆਰ ਕੀਤੇ ਗਏ ਹਨ, ਜਿਨਾਂ ਅਨੁਸਾਰ ਹੁਣ ਨਵੇਂ ਉਤਪਾਦ ਤਿਆਰ ਕੀਤੇ ਜਾ ਰਹੇ ਹਨ।
- ਵੀਵਕੋ ਵਲੋ ਰਾਜ ਵਿਚ ਸਥਿਤ ਸਹਿਕਾਰੀ ਸੰਸਥਾਵਾਂ, ਸਰਕਾਰੀ ਵਿਭਾਗਾਂ, ਬੋਰੜਾ , ਕਾਰਪੋਰੇਸ਼ਨਾ ਨੂੰ ਸੇਲ ਵਿਚ ਵਾਧਾ ਕਰਨ ਲਈ ਕਪੜੇ ਦੀ ਸਪਲਾਈ ਸਬੰਧੀ ਪੁਰਜੋਰ ਕੋਸ਼ਿਸ ਕੀਤੀ ਜਾਂਦੀ ਹੈ। ਪਹਿਲਾ ਕੁਝ ਸਹਿਕਾਰੀ ਵਿਭਾਗ ਵੀਵਕੋ ਤੋ ਕਪੜੇ ਦੀ ਖਰੀਦ ਨਹੀ ਕਰਦੇ ਸਨ, ਪਰ ਹੁਣ ਵੀਵਕੋ ਵਲੋ ਸੰਸਥਾਵਾਂ ਦੀ ਕਪੜੇ ਦੀ ਮੰਗ ਵੀਵਕੋ ਨੂੰ ਦੇਣ ਸਬੰਧੀ ਕਦਮ ਚੁਕੇ ਜਾ ਰਹੇ ਹਨ।
- ਵੀਵਕੋ ਵਲੋ ਕੁਝ ਨਵੀਆਂ ਆਈਟਮਾਂ ਜਿਵੇਂ ਫੁਲਕਾਰੀ ਬੈਡ ਕਵਰ, ਦੁਪੱਟੇ, ਲੇਡਿਜ਼ ਸੂਟ ਸਬੰਧ ਜਾਣੂ ਕਰਵਾਉਣ ਲਈ ਯੋਜਨਾ ਬਣਾਈ ਜਾ ਰਹੀ ਹੈ ਤਾਂ ਜ਼ੋ ਸ਼ੋਰੂਮਾਂ ਤੇ ਵੱਧ ਤੋ ਵੱਧ ਸੇਲ ਹੋ ਸਕੇ।